CFA

FIRE RESCUE VICTORIA

cfa.vic.gov.au/languages



# ਕੀ ਮੈਂ ਕੈਂਪਫਾਇਰ ਜਲਾ ਸਕਦਾ ਹਾਂ?

**ਕੈਂਪ ਫਾਇਰ ਬਾਲਣ ਤੋਂ ਪਹਿਲਾਂ, ਜਾਂਚ ਕਰੋ:**

- **ਕੀ ਅੱਗ ਲੱਗਣ ਦੇ ਖ਼ਤਰੇ ਦੇ ਸਮੇਂ (Fire Danger Period) ਦੀ ਮਿਆਦ ਲਾਗੂ ਹੈ?**
- **ਕੀ ਅੱਗ ਬਾਲਣ 'ਤੇ ਪੂਰਨ ਪਾਬੰਦੀ ਦਾ ਦਿਨ (Total Fire Ban Day) ਐਲਾਨਿਆ ਗਿਆ ਹੈ?**

**ਕੈਂਪਫਾਇਰ ਬਾਰੇ ਨਿਯਮ ਸਾਲ ਦੇ ਸਮੇਂ ਅਤੇ ਤੁਸੀਂ ਕਿੱਥੇ ਕੈਂਪਿੰਗ ਕਰ ਰਹੇ ਹੋ ਇਸਦੇ ਆਧਾਰ 'ਤੇ ਬਦਲ ਸਕਦੇ ਹਨ।**

## ਅੱਗ ਲੱਗਣ ਦੇ ਖ਼ਤਰੇ ਦੇ ਸਮੇਂ (Fire Danger Periods)

ਅੱਗ ਲੱਗਣ ਦੇ ਖ਼ਤਰੇ ਦੇ ਸਮੇਂ (Fire Danger Period) ਦੌਰਾਨ ਤੁਸੀਂ ਉਦੋਂ ਤੱਕ ਕੈਂਪਫਾਇਰ ਨਹੀਂ ਬਾਲ ਸਕਦੇ ਜਦੋਂ ਤੱਕ ਤੁਸੀਂ ਇਨ੍ਹਾਂ ਨਿਯਮਾਂ ਦਾ ਪਤਾ ਨਹੀਂ ਕਰਦੇ ਹੋ।

- ਹਵਾ 10 ਕਿਲੋਮੀਟਰ ਪ੍ਰਤੀ ਘੰਟਾ ਤੋਂ ਘੱਟ ਹੋਣੀ ਚਾਹੀਦੀ ਹੈ। ਜੇ ਪੱਤੇ ਹਵਾ ਨਾਲ ਹਿੱਲ ਰਹੇ ਹਨ ਤਾਂ ਅੱਗ ਨਾ ਬਾਲੋ।
- ਕੈਂਪਫਾਇਰ ਨੂੰ ਲਾਜ਼ਮੀ ਤੌਰ 'ਤੇ ਇਸ ਤਰ੍ਹਾਂ ਬਾਲਿਆ ਜਾਣਾ ਚਾਹੀਦਾ ਹੈ:
  - ਪੱਥਰ, ਧਾਤ ਜਾਂ ਕੰਕਰੀਟ ਦੇ ਸਹੀ ਢੰਗ ਨਾਲ ਬਣਾਏ ਗਏ ਚੁੱਲ੍ਹੇ (ਫਾਇਰਪਲੇਸ) ਵਿੱਚ।
  - ਜਾਂ ਘੱਟੋ-ਘੱਟ 30 ਸੈਂਟੀਮੀਟਰ ਡੂੰਘੇ ਟੋਏ ਵਿੱਚ।
- ਇਹ ਕੈਂਪਫਾਇਰ 1 ਮੀਟਰ ਗੁਣਾ 1 ਮੀਟਰ ਤੋਂ ਵੱਡੀ ਨਹੀਂ ਹੋਣੀ ਚਾਹੀਦੀ ਹੈ।
- ਕੈਂਪਫਾਇਰ ਦੇ ਆਲੇ-ਦੁਆਲੇ ਅਤੇ ਉੱਪਰ ਦਾ 3 ਮੀਟਰ ਦਾ ਖੇਤਰ ਕਿਸੇ ਵੀ ਚੀਜ਼ ਤੋਂ ਸਾਫ਼ ਹੋਣਾ ਚਾਹੀਦਾ ਹੈ ਜੋ ਸੜ ਸਕਦੀ ਹੈ।
- ਅੱਗ ਨੂੰ ਕਦੇ ਵੀ ਇਕੱਲਾ ਨਾ ਛੱਡੋ। ਇੱਕ ਵਿਅਕਤੀ ਜੋ ਅੱਗ ਬੁਝਾ ਸਕਦਾ ਹੈ, ਨੂੰ ਹਮੇਸ਼ਾ ਅੱਗ ਦੇ ਕੋਲ ਰਹਿਣਾ ਚਾਹੀਦਾ ਹੈ।
- ਆਪਣੇ ਉੱਥੋਂ ਜਾਣ ਤੋਂ ਪਹਿਲਾਂ ਕੈਂਪਫਾਇਰ ਨੂੰ ਪਾਣੀ ਦੀ ਵਰਤੋਂ ਕਰਕੇ ਲਾਜ਼ਮੀ ਪੂਰੀ ਤਰ੍ਹਾਂ ਬੁਝਾ ਦੇਵੋ ।

ਜੇਕਰ ਤੁਸੀਂ ਸਟੇਟ ਫੋਰੈਸਟ ਜਾਂ ਨੈਸ਼ਨਲ ਪਾਰਕ ਵਿੱਚ ਹੋ, ਤਾਂ ਉੱਥੇ ਹੋਰ ਨਿਯਮ ਵੀ ਹੋ ਸਕਦੇ ਹਨ ਜਿਨ੍ਹਾਂ ਬਾਰੇ ਤੁਹਾਨੂੰ ਜਾਣਨ ਦੀ ਲੋੜ ਹੋ ਸਕਦੀ ਹੈ।

## ਅੱਗ ਬਾਲਣ 'ਤੇ ਪੂਰਨ ਪਾਬੰਦੀ ਦੇ ਦਿਨ (Total Fire Ban Days)

ਅੱਗ ਲਗਾਉਣ 'ਤੇ ਪੂਰਨ ਪਾਬੰਦੀ ਦੇ ਦਿਨਾਂ (Total Fire Ban Days) ਦੌਰਾਨ ਤੁਸੀਂ ਕੈਂਪਫਾਇਰ ਨਹੀਂ ਬਾਲ ਸਕਦੇ ਹੋ।

cfa.vic.gov.au/languages 'ਤੇ ਜਾਓ।

ਹੋਰ ਜਾਣਨ ਲਈ QR ਕੋਡ ਨੂੰ ਸਕੈਨ ਕਰੋ।
**ਇਕੱਠੇ ਮਿਲ ਕੇ ਅਸੀਂ ਅੱਗ ਤੋਂ ਸੁਰੱਖਿਅਤ ਰਹਿ ਸਕਦੇ ਹਾਂ।**